# ਦਫਤਰ ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ

**ਐਸ.ਸੀ.ਓ. 104-106, ਦੂਸਰੀ ਅਤੇ ਤੀਸਰੀ ਮੰਜੀਲ ਸੈਕਟਰ 34-ਏ, ਚੰਡੀਗੜ੍ਹ**

(Phone no) 0172-2621104, 2621106, 2623207, 2663104, (fax) 0172-2623206, 2624687

ਵੱਲ

ਰਾਜ ਦੇ ਸਮੂਹ
ਜ਼ਿਲ੍ਹਾ ਸਿੱਖਿਆ ਅਫਸਰ (ਐ:ਸਿ)
ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰਜ਼
ਅਸਿਸਟੈਂਟ ਪ੍ਰੋਜੈਕਟ ਕੋਆਰਡੀਨੇਟਰਜ਼ (ਵਿੱਤ)

ਮੀਮੋ ਨੰ. ਸਸਅ/ਵਿੱਤ/2010-11/55919-55938
ਮਿਤੀ : ਚੰਡੀਗੜ੍ਹ 01/09/2010

**ਵਿਸ਼ਾ:- ਅਡਵਾਂਸ/ਗ੍ਰਾਂਟ ਅਤੇ ਵਰਤੋ ਸਰਟੀਫੀਕੇਟਸ ਨੂੰ ਵਿਤੀ ਪ੍ਰਬਧ ਅਤੇ ਖਰੀਦੋ ਫਰੋਖਤ ਦੇ ਮੈਨੂਅਲ ਅਨੁਸਾਰ ਨਿਯਮਿਤ ਕਰਨ ਬਾਰੇ ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਭਾਰਤ ਸਰਕਾਰ ਦੇ ਮਨੁੱਖੀ ਸਰੋਤ ਵਿਕਾਸ ਮੰਤਰਾਲਾ ਨਵੀ ਦਿਲੀ ਦੇ ਅ.ਸ.ਪੱਤਰ ਨੰ.15/5/2003 ਐਸ. ਐਸ.ਏ(ਪੀ.ਆਰ) ਮਿਤੀ 1/7/2010 (ਕਾਪੀ ਨੱਥੀ) ਵਲ ਧਿਆਨ ਦੁਆਉਦੇ ਹੋਏ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ ਦੇ ਉਕਤ ਪੱਤਰ ਨੰ ਦੇ ਪੈਰਾ 3 ਵਿੱਚ ਇਹ ਦਸਿਆ ਗਿਆ ਹੈ ਕਿ ਸਟੈਚੂਅਰੀ ਆਡਿਟ ਨੇ ਆਪਣੀ ਆਡਿਟ ਰਿਪੋਰਟ ਵਿਚ ਇਹ ਜ਼ਿਕਰ ਕੀਤਾ ਕਿ ਐਸ.ਐਸ.ਏ ਨੂੰ ਲਾਗੂ ਕਰ ਰਹੀਆਂ ਸੁਸਾਇਟੀਆ, ਖਰਚਾ ਬੁਕ ਕਰਦੇ ਸਮੇ ਮੋਜੂਦਾ ਸਾਲ ਵਿਚ ਪਹਿਲਾ ਹੋਏ ਖਰਚੇ ਨੂੰ ਬੁਕ ਕਰ ਲੈਦੀਆ ਹਨ ਜਿਸਦੇ ਨਤੀਜੇ ਵਜੋ ਪਲੈਨਿੰਗ ਅਪਰੂਵਲ ਬੋਰਡ ਵਲੋ ਪ੍ਰਵਾਨਿਤ ਰਾਸ਼ੀ ਤੋ ਖਰਚਾ ਵਧ ਜਾਂਦਾ ਹੈ। ਇਸ ਬਾਰੇ ਹੇਠ ਲਿਖੇ ਅਨੁਸਾਰ ਦਸਿਆ ਗਿਆ ਹੈ ਕਿ :-

(1) ਪਿਛਲੇ ਸਾਲਾਂ ਦੇ ਦਿਤੇ ਗਏ ਅਡਵਾਂਸ/ਗ੍ਰਾਟਾਂ ਨੂੰ ਅਡਜਸਟ ਕਰਦੇ ਸਮੇਂ ਚਾਲੂ ਸਾਲ ਦਾ ਖਰਚਾ ਵਧ ਜਾਂਦਾ ਹੈ

(2) ਮੁਢਲੇ ਸਾਲ ਦੇ ਅਡਵਾਂਸ/ਗ੍ਰਾਟਾਂ ਦੇ ਵਿਰੁੱਧ ਹੋਏ ਖਰਚੇ ਦੇ ਸਾਮਲ ਹੋਣ ਕਾਰਨ ਜੋ ਕਿ ਉਸ ਸਾਲ ਵਿਚ ਅਡਜਸਟ ਨਹੀਂ ਹੁੰਦਾ ਕਿਉਕਿ ਉਸਦਾ ਵਰਤੋ ਸਰਟੀਫੀਕੇਟ ਦੇਰੀ ਨਾਲ ਪ੍ਰਾਪਤ ਹੁੰਦਾ ਹੈ।

(3) ਮੋਜੂਦਾ ਸਾਲ ਵਿਚ ਹੋਏ ਖਰਚੇ ਦੀ ਸਮੂਲੀਅਤ ਜਿਹੜੀਆ ਕਿ ਪਿਛਲੇ ਸਾਲਾ ਦੋਰਾਨ ਅਡਵਾਂਸ/ਗ੍ਰਾਂਟਾ ਦੇ ਤੌਰ ਤੇ ਦਿਤੀਆ ਹੁੰਦੀਆ ਹਨ ਜਿਵੇਂ ਕਿ ਇਕਾਈਆ ਨੂੰ ਕੇਂਦਰ/ਰਾਜ ਸਰਕਾਰ ਵਲੋਂ ਵਿੱਤੀ ਸਾਲ ਦੇ ਅਖੀਰ ਤੇ ਦੇਰੀ ਨਾਲ ਫੰਡ ਰਲੀਜ਼ ਕੀਤੇ ਜਾਂਦੇ ਹਨ।

ਇਹ ਮਾਮਲਾ ਸਟੇਟ ਫਾਇਨੈਸ ਕੰਨਟਰੋਲਰ ਦੀ ਕੁਆਟਰਲੀ ਮੀਟਿੰਗ ਵਿਚ ਵਿਚਾਰਿਆ ਗਿਆ ਅਤੇ ਉਨਾਂ ਨੇ ਆਪਣਾ ਨਜਰੀਆ ਜਾਹਰ ਕੀਤਾ ਕਿ ਅਡਵਾਂਸ/ਗ੍ਰਾਟਾਂ ਦੀ ਅਡਜਸਟਮੈਂਟ ਜੋਕਿ ਮੁਢਲੇ ਸਾਲਾਂ ਨਾਲ ਸਬੰਧਤ ਹਨ ਉਨਾਂ ਨੂੰ ਚਾਲੂ ਵਿਤੀ ਸਾਲ ਦੇ ਖਰਚੇ ਵਿਚ ਐਡਜਸਟ ਕਰਨ ਦੀ ਪ੍ਰਵਾਨਗੀ ਦਿਤੀ ਜਾਂਵੇ,ਜਦੋਕਿ ਇਹ ਮਾਮਲਾ ਮੈਨੂਅਲ ਦੇ ਉਲਟ ਹੈ।ਇਸ ਲਈ ਇਹ ਮਾਮਲਾ ਚੀਫ ਕੰਨਟਰੋਲਰ ਆਫ ਅਕਾਉਟਸ(ਸੀਸੀਏ) ਮਨੁੱਖੀ ਸਰੋਤ ਵਿਕਾਸ ਮੰਤਰਾਲਾ ਭਾਰਤ ਸਰਕਾਰ ਨਾਲ ਭੀ ਵਿਚਾਰਿਆ ਗਿਆ ਹੈ।

ਇਸਦੇ ਸੰਦਰਭ ਵਿਚ ਉਨਾਂ(ਸੀਸੀਏ) ਵਲੋ ਪੈਰਾਂ 3(1),3(11)ਅਤੇ3(111) ਉਪਰੋਕਤ ਨੂੰ ਇਸ ਤਰਾ ਵਰਨਣ ਕੀਤਾ ਗਿਆ ਹੈ:-

3(1) ਪਿਛਲੇ ਸਾਲਾ ਦਾ ਖਰਚਾ ਮੋਜੂਦਾ ਸਾਲ ਵਿੱਚ ਬੁੱਕ ਕਰਨ ਲਈ ਕੋਈ ਵਿਸ਼ੇਸ਼ ਕਾਰਨਾ ਦਾ ਜਿਕਰ ਨਹੀ ਕੀਤਾ ਗਿਆ। FM&P ਮੈਨੂਅਲ ਦਾ ਪੈਰਾ 75.1 ਦੇ ਅਨੁਸਾਰ ਅਡਵਾਂਸਾ ਦੀ ਅਡਜੈਸਟਮੈਟ ਇਸ ਤਰਾਂ ਹੋ ਸਕਦੀ ਹੈ ਜਿਵੇਕਿ ਵਰਤੋ ਸਰਟੀਫੀਕੇਟ / ਸਟੇਟਮੈਂਟਾਂ ਦੇ ਖਰਚੇ ਦੀ ਪ੍ਰਾਪਤੀ ਤੇ ਖਰਚਾ ਕੀਤਾ ਹੋਵੇ। ਪੈਰਾ 75.1 ਵਿੱਚ ਖਰਚੇ ਦੇ ਇਹਨਾਂ ਸਰਟੀਫਾਈਡ ਡਾਕੂਮੈਟ ਨੂੰ ਪੇਸ਼ ਕਰਨ ਲਈ ਸਮੇਂ ਦੀ ਲਿਮਟ ਬਾਰੇ ਦਸਿਆ

ਗਿਆ ਹੈ। ਡਾਕੂਮੈਂਟ ਵਿੱਤੀ ਸਾਲ ਦੇ ਖਤਮ ਹੋਣ ਤੋ ਪਹਿਲਾਂ ਪ੍ਰਾਪਤ ਕਰਨੇ ਚਾਹੀਦੇ ਹਨ ਤਾਂ ਜੋ ਅਡਵਾਸ ਮੋਜੂਦਾ ਵਿੱਤੀ ਸਾਲ ਵਿੱਚ ਅਡਜਸਟ ਕੀਤੇ ਜਾ ਸਕਣ।

(11) ਵਰਤੋ ਸਰਟੀਫੀਕੇਟ ਦਾ ਲੇਟ ਹੋਣ ਦੀ ਕੋਈ ਵੀ ਸਪਸ਼ਟੀਕਰਨ ਨਹੀ ਬਣਦਾ ਪੈਰਾ 75.1 ਦੀ ਟਾਈਮ ਲਿਮਟ ਅਨੁਸਾਰ ਖਰਚੇ ਸਟੇਟਮੈਟਾ/ਵਰਤੋ ਸਰਟੀਫੀਕੇਟ ਪ੍ਰਾਪਤ ਕਰਨ ਦੀ ਲੋੜ ਹੈ। ਪੈਰਾ 75.3 ਵਿੱਚ ਵੀ ਵਰਤੋ ਸਰਟੀਫੀਕੇਟ ਸਮੇ ਤੇ ਪ੍ਰਾਪਤ ਕਰਨ ਤੇ ਜੋਰ ਦਿੱਤਾ ਗਿਆ ਹੈ।

3(111) ਪੇਸ਼ਗੀ ਦੀ ਉਹ ਰਾਸ਼ੀ ਜਿਹੜੀ ਕਿ ਸਾਲ ਦੇ ਆਖੀਰ ਤੇ ਪ੍ਰਾਪਤ ਹੁੰਦੀ ਹੈ ਜੋ ਕਿ ਪਿਛਲੇ ਸਾਲ ਦੀ ਹੋਵੇ ਉਹ ਅਣਵਰਤੀ ਰਹਿ ਜਾਦੀ ਹੈ ਤਾਂ ਉਸਨੂੰ ਹੇਠ ਲਿਖੇ ਅਨੁਸਾਰ ਵਿਚਾਰਿਆ ਜਾਵੇ।

(ੳ) ਅਜਿਹੇ ਕੇਸ ਵਿਚ ਜਿਥੇ ਮੁਢਲੇ ਸਾਲਾਂ ਦੀ ਦੇਣਦਾਰੀ ਹੋਵੇ ਅਜਿਈ ਅਣਵਰਤੀ ਰਾਸ਼ੀ ਦਾ ਬਕਾਇਆ ਮੋਜੂਦਾ ਸਾਲ ਦੀ ਗ੍ਰਾਂਟ ਪੀ.ਏ.ਬੀ ਦੀ ਪ੍ਰਵਾਨਗੀ ਅਨੁਸਾਰ ਸ਼ਾਮਲ ਕਰ ਲਿਆ ਜਾਵੇ ਅਤੇ ਅਜਿਹੇ ਲੇਖੇ ਵਿਚ ਇਹ ਦਰਸਾਇਆ ਜਾਵੇ ਕਿ ਇਹ ਅਡਜਸਟਮੈਂਟ ਪਿਛਲੇ ਸਮੇ ਦੀ ਹੈ ਜਿਵੇ ਕਿ ਵਿਆਖਿਆ ਕਰਦੇ ਹੋਏ ਇਸ ਵਾਧੂ ਖਰਚੇ ਦੀ ਲਾਗਤ ਦੀ ਪ੍ਰਵਾਨਗੀ ਪੀ.ਏ.ਬੀ ਪਾਸੋ ਲੈ ਲਈ ਹੈ।

(ਅ) ਜਿਹਨਾਂ ਕੇਸਾ ਵਿਚ ਪਿਛਲੇ ਸਾਲਾ ਦਾ ਕੋਈ ਦੇਣਦਾਰੀ ਨਹੀ ਹੈ ਅਣਵਰਤੀ ਬਕਾਇਆ ਮੋਜੂਦਾ ਸਾਲ ਦੀ ਗ੍ਰਾਟ ਤੋ ਘਟਾ ਕੇ ਅਡਜਸਟ ਕਰ ਦਿੱਤਾ ਜਾਵੇ।

3. ਵਰਤੋ ਸਰਟੀਫੀਕੇਟ ਦੀ ਦੇਰੀ ਦਾ ਕਾਰਨ ਝਲਣਯੋਗ ਨਹੀ ਹੈ । ਖਰਚਾ ਵਿਵਰਣ/ਵਰਤੋ ਸਰਟੀਫੀਕੇਟ ਜਿਸਦਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਅਡਵਾਂਸ/ਗ੍ਰਾਂਟਾ ਅਤੇ ਵਰਤੋ ਸਰਟੀਫੀਕੇਟ ਨੂੰ ਨਿਯਮਿਤ ਤੋਰ ਤੇ ਵਿੱਤੀ ਪ੍ਰਬੰਧ ਅਤੇ ਖਰੀਦੋ ਫਰੋਖਤ (ਪ੍ਰਕਿਉਰਮੈਟ ਮੈਨਿਉਲ)ਦੇ ਅਨੁਸਾਰ ਹੀ ਰਖਿਆ ਅਤੇ ਜਾਰੀ ਕੀਤਾ ਜਾਵੇ,ਸੰਬਧਿਤ ਇਹ ਭੀ ਨੋਟ ਕਰਨ ਕਿ ਉਪਰੋਕਤ ਵਿਚ ਦਿਤੀਆ ਗਈਆ ਹਦਾਇਤਾ ਦੀ ਇਕੋ ਭਾਵਨਾ ਨਾਲ ਅਤੇ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਉਪਬੰਧਾ ਨੂੰ ਮਦੇ-ਨਜ਼ਰ ਰੱਖਦੇ ਹੋਏ ਅਡਵਾਂਸ/ਗ੍ਰਾਟਾਂ ਨੂੰ ਅਡਜਸਟ ਕੀਤਾ ਜਾਇਆ ਕਰੇ।

ਨੱਥੀ / ਉਪਰੋਕਤ ਅਨੁਸਾਰ

ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ. : ਸਸਅ/ਵਿੱਤ/2010/ ਮਿਤੀ

1. ਸਮੂਹ ਕੰਪੋਨੇਟ ਹੈਡ

ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ